# 7ਵੀਂ ਜਮਾਤ ਦਾ NSW ਦਾ ਸਕੂਲ ਟੀਕਾਕਰਨ ਪ੍ਰੋਗਰਾਮ

Year 7 NSW School Vaccination Program



NSW ਦਾ ਸਿਹਤ ਵਿਭਾਗ ਸਕੂਲਾਂ ਨਾਲ ਮਿਲ ਕੇ ਸਕੂਲ-ਆਧਾਰਿਤ ਟੀਕਾਕਰਨ ਪ੍ਰੋਗਰਾਮ ਰਾਹੀਂ 7ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਟੀਕਾਕਰਨ ਪ੍ਰਦਾਨ ਕਰਦਾ ਹੈ। ਇਹ ਟੀਕੇ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (National Immunisation Program, NIP) ਅਧੀਨ ਸਿਫਾਰਸ਼ ਕੀਤੇ ਜਾਂਦੇ ਹਨ।

ਇਹ ਮਾਪਿਆਂ ਦੀ ਜਾਣਕਾਰੀ ਸ਼ੀਟ ਦੱਸਦੀ ਹੈ ਕਿ ਇਹ ਟੀਕੇ ਕਿਸ ਲਈ ਹਨ ਅਤੇ ਉਹ ਕਿਹੜੀਆਂ ਬਿਮਾਰੀਆਂ ਤੋਂ ਬਚਾਅ ਵਿੱਚ ਮੱਦਦ ਕਰਦੇ ਹਨ।

ਆਪਣੇ ਬੱਚੇ ਨੂੰ ਸਕੂਲ ਵਿੱਚ ਟੀਕਾਕਰਨ ਕਰਵਾਉਣ ਲਈ, ਤੁਹਾਨੂੰ ਆਪਣੀ ਆਗਿਆ (ਸਹਿਮਤੀ) ਔਨਲਾਈਨ ਜਾਂ ਕਾਗਜ਼ੀ ਸਹਿਮਤੀ ਫਾਰਮ ਭਰ ਕੇ ਅਤੇ ਉਸਨੂੰ ਸਕੂਲ ਨੂੰ ਵਾਪਸ ਕਰਕੇ ਦੇਣੀ ਪਵੇਗੀ।

## ਕਿਹੜੇ ਟੀਕੇ ਪ੍ਰਦਾਨ ਕੀਤੇ ਜਾਂਦੇ ਹਨ?

### ਡਿਪਥੀਰੀਆ (ਗਲ਼-ਘੋਟੂ ਰੋਗ), ਟੈਟਨਸ (ਧੁਣਖਵਾਂ), ਪਰਟੂਸਿਸ (ਕਾਲੀ ਖਾਂਸੀ) (dTpa)

ਇਹ ਇੱਕ 1-ਵਿੱਚ-3 ਟੀਕਾ, ਜੋ ਬਚਪਨ ਵਿੱਚ ਲੱਗੇ ਟੀਕੇ ਤੋਂ ਮਿਲੀ ਰੋਗ-ਪ੍ਰਤੀਰੋਧਕ ਤਾਕਤ ਨੂੰ ਵਧਾਉਂਦਾ ਹੈ। ਇਹ ਟੀਕਾ ਡਿਪਥੀਰੀਆ (ਗਲ਼-ਘੋਟੂ ਰੋਗ), ਟੈਟਨਸ (ਧੁਣਖਵਾਂ), ਪਰਟੂਸਿਸ (ਕਾਲੀ ਖਾਂਸੀ) ਤੋਂ ਬਚਾਉਂਦਾ ਹੈ।

### ਮਨੁੱਖੀ ਪੈਪੀਲੋਮਾਵਾਇਰਸ (HPV)

ਇੱਕ ਅਜਿਹਾ ਟੀਕਾ, ਜੋ HPV ਦੇ ਉਨ੍ਹਾਂ ਰੂਪਾਂ ਤੋਂ ਬਚਾਅ ਕਰਦਾ ਹੈ ਜੋ ਸਰਵਾਈਕਲ ਅਤੇ ਹੋਰ ਕੈਂਸਰ ਰੋਗਾਂ ਦੇ ਹੋਣ ਨਾਲ ਜੁੜੇ ਹੋਏ ਹਨ।

## ਕਰਨ ਵਾਲੀਆਂ ਗੱਲਾਂ

1. **ਟੀਕਾਕਰਨ ਬਾਰੇ** ਦਿੱਤੀ ਗਈ ਜਾਣਕਾਰੀ ਪੜ੍ਹੋ।
2. **ਸਹਿਮਤੀ ਫਾਰਮ 'ਤੇ ਦਸਤਖ਼ਤ ਕਰੋ** - ਤੁਸੀਂ ਇਹ ਕੰਮ ਔਨਲਾਈਨ ਜਾਂ ਕਾਗਜ਼ੀ ਸਹਿਮਤੀ ਫਾਰਮ 'ਤੇ ਦਸਤਖ਼ਤ ਕਰਕੇ ਕਰ ਸਕਦੇ ਹੋ।
3. ਜੇਕਰ ਤੁਸੀਂ ਕਾਗਜ਼ੀ ਸਹਿਮਤੀ ਫਾਰਮ ਭਰਦੇ ਹੋ ਤਾਂ **ਸਹਿਮਤੀ ਫਾਰਮ ਨੂੰ ਸਕੂਲ ਵਿੱਚ ਵਾਪਸ ਭੇਜੋ।**
4. **ਟੀਕਾਕਰਨ ਕਰਵਾਉਣ ਬਾਰੇ ਆਪਣੇ ਬੱਚੇ ਨਾਲ** ਗੱਲ ਕਰੋ।

## ਸਹਿਮਤੀ ਕਿਵੇਂ ਦੇਣੀ ਹੈ?

ਔਨਲਾਈਨ ਸਹਿਮਤੀ ਦੇਣ ਲਈ ਇਸ ਵੈੱਬਸਾਈਟ 'ਤੇ ਜਾਓ: https://engage.health.nsw.gov.au/engage

ਤੁਹਾਨੂੰ ਇਨ੍ਹਾਂ ਦੀ ਲੋੜ ਹੋਵੇਗੀ:

- ਤੁਹਾਡੇ ਅਤੇ ਤੁਹਾਡੇ ਬੱਚੇ ਦੇ ਮੈਡੀਕੇਅਰ ਕਾਰਡ ਦੇ ਵੇਰਵੇ
- ਉਸ ਸੈਕੰਡਰੀ ਸਕੂਲ ਦਾ ਨਾਮ, ਜਿਸ ਵਿੱਚ ਤੁਹਾਡਾ ਬੱਚਾ 7ਵੀਂ ਜਮਾਤ ਵਿੱਚ ਪੜ੍ਹ ਰਿਹਾ ਹੈ
- ਤੁਹਾਡੇ Service NSW ਖਾਤੇ ਦੇ ਲੌਗਇਨ ਵੇਰਵੇ (ਇਹ ਉਹੀ ਖਾਤਾ ਹੈ ਜਿਸਦੀ ਵਰਤੋਂ ਤੁਸੀਂ ਆਪਣੇ ਡਰਾਈਵਿੰਗ ਲਾਇਸੈਂਸ ਨੂੰ ਦੁਬਾਰਾ ਨਵਾਂ ਕਰਵਾਉਣ ਲਈ ਕਰ ਸਕਦੇ ਹੋ)।

ਜੇਕਰ ਤੁਹਾਡੇ ਕੋਲ Service NSW ਖਾਤਾ ਨਹੀਂ ਹੈ, ਤਾਂ ਤੁਸੀਂ www.service.nsw.gov.au/services/myservicensw-account/how-to-create-an-account 'ਤੇ ਜਾ ਕੇ ਖਾਤਾ ਬਣਾ ਸਕਦੇ ਹੋ।

ਜਾਂ, ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਦੇ ਵਿਚਕਾਰ, Service NSW ਨੂੰ 13 77 88 'ਤੇ ਫ਼ੋਨ ਕਰ ਸਕਦੇ ਹੋ।

ਇਸ ਨੰਬਰ ਰਾਹੀਂ ਅਪੰਗਤਾ ਪਹੁੰਚਯੋਗ ਸੇਵਾਵਾਂ, ਦੁਭਾਸ਼ੀਆ ਸੇਵਾ, ਅਤੇ ਅਨੁਵਾਦ ਸੇਵਾਵਾਂ ਉਪਲਬਧ ਹਨ।

## ਮੈਡੀਕੇਅਰ ਕਾਰਡ ਨਹੀਂ ਹੈ?

ਆਪਣੇ ਬੱਚੇ ਦੇ ਸਕੂਲ ਤੋਂ ਕਾਗਜ਼ੀ ਸਹਿਮਤੀ ਫਾਰਮ ਮੰਗੋ।

ਸਹਿਮਤੀ ਦੇਣ ਬਾਰੇ ਹੋਰ ਜਾਣਕਾਰੀ ਲੈਣ ਲਈ, ਤੁਸੀਂ NSW ਦੇ ਸਕੂਲ ਟੀਕਾਕਰਨ ਪ੍ਰੋਗਰਾਮ ਦੇ ਵੈੱਬ ਪੰਨੇ 'ਤੇ *"ਆਪਣੇ ਬੱਚੇ ਨੂੰ ਸਕੂਲ ਵਿੱਚ ਟੀਕਾਕਰਨ ਲਗਵਾਉਣ ਲਈ ਸਹਿਮਤੀ ਪ੍ਰਦਾਨ ਕਰਨਾ"* ਨਾਮਕ ਵੀਡੀਓ ਦੇਖ ਸਕਦੇ ਹੋ: https://www.health.nsw.gov.au/immunisation/Pages/online-consent-school-vaccination.aspx।

NSW ਦੇ ਸਿਹਤ ਵਿਭਾਗ ਦਾ ਗੁਪਤਤਾ ਬਿਆਨ, ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਕਿਵੇਂ ਇਕੱਠੀ ਕੀਤੀ ਜਾਂਦੀ ਅਤੇ ਵਰਤੀ ਜਾਂਦੀ ਹੈ, ਇਸ ਵਿੱਚ ਇਹ ਵੀ ਸ਼ਾਮਲ ਹਨ।

**ਸਹਿਮਤੀ ਪ੍ਰਦਾਨ ਕਰਨ ਲਈ, ਇਸ ਕੋਡ ਨੂੰ ਸਕੈਨ ਕਰੋ**

## ਅਕਸਰ ਪੁੱਛੇ ਜਾਂਦੇ ਸਵਾਲ ਅਤੇ ਜਾਣਕਾਰੀ

### ਟੀਕਾਕਰਨ ਵਾਲੇ ਦਿਨ:

- ਇਹ ਯਕੀਨੀ ਬਣਾਓ ਕਿ ਤੁਹਾਡਾ ਬੱਚਾ ਚੰਗਾ ਨਾਸ਼ਤਾ ਕਰੇ
- ਛੋਟੀਆਂ ਬਾਹਾਂ ਵਾਲੀ ਕਮੀਜ਼ (ਜਿਵੇਂ ਕਿ ਖੇਡ ਵਰਦੀ) ਪਹਿਨਦਾ ਹੈ)
- ਟੀਕਾਕਰਨ ਤੋਂ ਬਾਅਦ, ਉਹ ਅਜੇ ਵੀ ਖੇਡ ਸਕਦਾ ਹੈ, ਨਹਾ ਸਕਦਾ ਹੈ ਅਤੇ ਸਕੂਲ ਤੋਂ ਬਾਅਦ ਦੀਆਂ ਗਤੀਵਿਧੀਆਂ ਪਹਿਲਾਂ ਵਾਂਗ ਕਰ ਸਕਦਾ ਹੈ।

### ਪ੍ਰਸ਼ਨ: ਮੈਨੂੰ ਆਪਣੇ ਬੱਚੇ ਨੂੰ ਟੀਕਾਕਰਨ ਕਿਉਂ ਕਰਵਾਉਣਾ ਚਾਹੀਦਾ ਹੈ?

- ਟੀਕਾਕਰਨ ਉਨ੍ਹਾਂ ਗੰਭੀਰ ਬਿਮਾਰੀਆਂ ਤੋਂ ਬਚਾਅ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਜੋ ਆਸਾਨੀ ਨਾਲ ਫ਼ੈਲ ਜਾਂਦੀਆਂ ਹਨ।
- ਡਿਪਥੀਰੀਆ–ਟੈਟਨਸ–ਕਾਲੀ ਖਾਂਸੀ ਵਰਗੇ ਕੁੱਝ ਟੀਕਿਆਂ ਦਾ ਪ੍ਰਭਾਵ ਸਮੇਂ ਦੇ ਨਾਲ ਘੱਟ ਜਾਂਦਾ ਹੈ, ਇਸ ਲਈ ਕਿਸ਼ੋਰ ਅਵਸਥਾ ਦੌਰਾਨ ਬੂਸਟਰ ਸ਼ਾਟ ਦੀ ਲੋੜ ਹੁੰਦੀ ਹੈ।
- HPV ਟੀਕੇ ਵਰਗੇ ਟੀਕੇ ਸਭ ਤੋਂ ਵਧੀਆ ਉਦੋਂ ਕੰਮ ਕਰਦੇ ਹਨ, ਜਦੋਂ ਇਨ੍ਹਾਂ ਨੂੰ ਕਿਸ਼ੋਰ ਅਵਸਥਾ ਦੀ ਸ਼ੁਰੂਆਤੀ ਉਮਰ ਵਿੱਚ ਲਗਾਇਆ ਜਾਵੇ, ਕਿਉਂਕਿ ਉਸ ਸਮੇਂ ਰੋਗ-ਪ੍ਰਤੀਰੋਧਕ ਤਾਕਤ ਸਭ ਤੋਂ ਵੱਧ ਮਜ਼ਬੂਤ ਹੁੰਦੀ ਹੈ।
- ਟੀਕੇ ਤੁਹਾਡੇ ਬੱਚੇ ਦੀ ਸੁਰੱਖਿਆ ਕਰਦੇ ਹਨ ਅਤੇ ਪੂਰੇ ਭਾਈਚਾਰੇ ਨੂੰ ਸਿਹਤਮੰਦ ਰੱਖਣ ਵਿੱਚ ਮੱਦਦ ਕਰਦੇ ਹਨ।
- ਜਦੋਂ ਕਾਫ਼ੀ ਲੋਕ ਟੀਕਾਕਰਨ ਕਰਵਾ ਲੈਂਦੇ ਹਨ, ਤਾਂ ਇਹ ਬਿਮਾਰੀਆਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫ਼ੈਲਣਾ ਬੰਦ ਹੋ ਜਾਂਦੀਆਂ ਹਨ, ਅਤੇ ਉਹਨਾਂ ਲੋਕਾਂ ਦੀ ਵੀ ਸੁਰੱਖਿਆ ਕਰਦੀਆਂ ਹਨ, ਜਿਨ੍ਹਾਂ ਦਾ ਟੀਕਾਕਰਨ ਨਹੀਂ ਕੀਤਾ ਜਾ ਸਕਿਆ।

### ਪ੍ਰਸ਼ਨ: ਵੈਕਸੀਨਾਂ ਕਿਵੇਂ ਕੰਮ ਕਰਦੀਆਂ ਹਨ?

ਟੀਕੇ ਤੁਹਾਡੇ ਬੱਚੇ ਦੇ ਸਰੀਰ ਨੂੰ ਇਹ ਸਿਖਾਉਂਦੇ ਹਨ ਕਿ ਹਾਨੀਕਾਰਕ ਜੀਵਾਣੂਆਂ ਨਾਲ ਕਿਵੇਂ ਲੜ੍ਹਨਾ ਹੈ, ਇਸ ਤੋਂ ਪਹਿਲਾਂ ਕਿ ਉਹ ਗੰਭੀਰ ਬਿਮਾਰੀ ਪੈਦਾ ਕਰ ਸਕਣ।

ਇਸਦਾ ਮਤਲਬ ਹੈ ਕਿ ਤੁਹਾਡਾ ਬੱਚਾ ਜਾਂ ਤਾਂ ਬਿਮਾਰ ਹੁੰਦਾ ਹੀ ਨਹੀਂ, ਜਾਂ ਫਿਰ ਉਸਨੂੰ ਬਹੁਤ ਹਲਕੀ ਬਿਮਾਰੀ ਹੁੰਦੀ ਹੈ।

### ਪ੍ਰਸ਼ਨ: ਕੀ ਵੈਕਸੀਨਾਂ ਸੁਰੱਖਿਅਤ ਹਨ?

ਹਾਂ, ਵੈਕਸੀਨਾਂ ਸੁਰੱਖਿਅਤ ਹਨ। ਆਸਟ੍ਰੇਲੀਆ ਵਿੱਚ, ਕਿਸੇ ਵੀ ਵੈਕਸੀਨ ਨੂੰ ਵਰਤੋਂ ਲਈ ਮੰਜ਼ੂਰੀ ਮਿਲਣ ਤੋਂ ਪਹਿਲਾਂ ਉਨ੍ਹਾਂ ਨੂੰ ਬਹੁਤ ਸਖ਼ਤ ਸੁਰੱਖਿਆ ਜਾਂਚਾਂ ਵਿੱਚੋਂ ਲੰਘਣਾ ਪੈਂਦਾ ਹੈ। ਇਹ ਜਾਂਚਾਂ "ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ" (Therapeutic Goods Administration, TGA) ਨਾਮਕ ਸੰਸਥਾ ਦੁਆਰਾ ਕੀਤੀਆਂ ਜਾਂਦੀਆਂ ਹਨ। ਵੈਕਸੀਨਾਂ ਨੂੰ ਮੰਜ਼ੂਰੀ ਮਿਲਣ ਤੋਂ ਬਾਅਦ ਵੀ, TGA ਉਨ੍ਹਾਂ ਦੀ ਨਿਗਰਾਨੀ ਕਰਦਾ ਰਹਿੰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੁਰੱਖਿਅਤ ਰਹਿਣ।

### ਪ੍ਰਸ਼ਨ: ਟੀਕਾਕਰਨ ਕਰਵਾਉਣ ਦੇ ਮਾੜੇ ਪ੍ਰਭਾਵ ਕੀ ਹਨ?

ਟੀਕਾਕਰਨ ਤੋਂ ਹੋਣ ਵਾਲੇ ਜ਼ਿਆਦਾਤਰ ਮਾੜੇ ਪ੍ਰਭਾਵ ਹਲਕੇ ਹੁੰਦੇ ਹਨ। ਤੁਹਾਡੇ ਬੱਚੇ ਨੂੰ ਸੂਈ ਲੱਗਣ ਵਾਲੇ ਸਥਾਨ 'ਤੇ ਦਰਦ, ਸੋਜ਼ ਜਾਂ ਲਾਲੀ ਮਹਿਸੂਸ ਹੋ ਸਕਦੀ ਹੈ, ਜਾਂ ਫਿਰ ਹਲਕਾ ਬੁਖ਼ਾਰ, ਸਿਰਦਰਦ ਜਾਂ ਹਲਕੀ ਮਿਤਲੀ (ਉਲਟੀ ਆਉਣ ਜਿਹਾ ਮਹਿਸੂਸ ਹੋਣਾ) ਹੋ ਸਕਦਾ ਹੈ। ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੁੰਦੇ ਹਨ।

### ਪ੍ਰਸ਼ਨ: ਵੈਕਸੀਨ ਵਿੱਚ ਕੀ ਹੁੰਦਾ ਹੈ?

ਟੀਕਿਆਂ ਵਿੱਚ ਤੁਹਾਡੀ ਰੋਗ-ਪ੍ਰਤੀਰੋਧਕ ਤਾਕਤ (ਇਮਿਊਨ ਸਿਸਟਮ) ਨੂੰ ਸਿਖਲਾਈ ਦੇਣ ਲਈ ਵਾਇਰਸ ਜਾਂ ਬੈਕਟੀਰੀਆ ਦੇ ਕਮਜ਼ੋਰ ਜਾਂ ਨਾ-ਸਰਗਰਮ ਹਿੱਸੇ ਹੀ ਨਹੀਂ ਹੁੰਦੇ; ਬਲਿਕ ਇਨ੍ਹਾਂ ਵਿੱਚ ਥੋੜ੍ਹੀ ਮਾਤਰਾ ਵਿੱਚ ਹੋਰ ਸਮੱਗਰੀ ਵੀ ਸ਼ਾਮਲ ਹੁੰਦੀ ਹੈ ਜੋ ਟੀਕੇ ਨੂੰ ਬਿਹਤਰ ਤਰੀਕੇ ਨਾਲ ਕੰਮ ਕਰਨ ਅਤੇ ਸੁਰੱਖਿਅਤ ਰਹਿਣ ਵਿੱਚ ਮੱਦਦ ਕਰਦੀ ਹੈ। ਇਹ ਸਾਰੀਆਂ ਸਮੱਗਰੀਆਂ ਬਹੁਤ ਘੱਟ ਮਾਤਰਾ ਵਿੱਚ ਹੁੰਦੀਆਂ ਹਨ ਅਤੇ ਟੀਕਿਆਂ ਵਿੱਚ ਵਰਤੋਂ ਲਈ ਸੁਰੱਖਿਅਤ ਹਨ।

ਜੇਕਰ ਤੁਸੀਂ ਵੈਕਸੀਨ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਹਰੇਕ ਵੈਕਸੀਨ ਲਈ ਖ਼ਪਤਕਾਰ ਲਈ ਦਵਾਈਆਂ ਦੀ ਜਾਣਕਾਰੀ (Consumer Medicines Information, CMI) ਇੱਥੇ ਪੜ੍ਹ ਸਕਦੇ ਹੋ: https://www.health.nsw.gov.au/immunisation/Pages/school-vaccination-parents.aspx#vaccines।

### ਪ੍ਰਸ਼ਨ: ਐਨਾਫਿਲੈਕਸਿਸ ਕੀ ਹੁੰਦਾ ਹੈ?

ਐਨਾਫਾਈਲੈਕਸਿਸ ਇੱਕ ਬਹੁਤ ਹੀ ਗੰਭੀਰ ਐਲਰਜੀ ਪ੍ਰਤੀਕਿਰਿਆ ਹੁੰਦੀ ਹੈ। ਇਹ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦੀ ਹੈ ਅਤੇ ਜੇਕਰ ਜਲਦੀ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਵੀ ਹੋ ਸਕਦੀ ਹੈ। ਟੀਕਾਕਰਨ ਲਗਵਾਉਣ ਤੋਂ ਬਾਅਦ ਇਹ ਸਥਿਤੀ ਬਹੁਤ ਹੀ ਘੱਟ ਮਾਮਲਿਆਂ ਵਿੱਚ ਹੁੰਦੀ ਹੈ।

ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਨੂੰ ਐਨਾਫਾਈਲੈਕਸਿਸ ਦਾ ਇਲਾਜ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਟੀਕੇ ਦੇ ਕਿਸੇ ਹਿੱਸੇ ਨਾਲ ਕਦੇ ਐਨਾਫਾਈਲੈਕਸਿਸ ਹੋਇਆ ਹੋਵੇ, ਜਾਂ ਉਸੇ ਟੀਕਾਕਰਨ ਸਮੱਗਰੀ ਨਾਲ ਗੰਭੀਰ ਐਲਰਜੀ ਹੋਵੇ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਪਹਿਲਾਂ ਆਪਣੇ ਜੀਪੀ ਜਾਂ ਟੀਕਾਕਰਨ ਮਾਹਰ ਤੋਂ ਸਲਾਹ ਲਏ ਬਗ਼ੈਰ ਕੋਈ ਖ਼ਾਸ ਟੀਕਾ ਨਹੀਂ ਲਗਾਇਆ ਜਾਣਾ ਚਾਹੀਦਾ ਹੈ।

### ਪ੍ਰਸ਼ਨ: ਜੇਕਰ ਮੇਰਾ ਬੱਚਾ ਸਕੂਲ ਵਿੱਚ ਟੀਕਾ ਲੈਣ ਤੋਂ ਖੁੰਝ ਜਾਂਦਾ ਹੈ ਤਾਂ ਕੀ ਕਰੀਏ?

ਤੁਹਾਡੇ ਬੱਚੇ ਦਾ ਸਕੂਲ ਸਾਲ ਦੇ ਦੌਰਾਨ ਬਾਅਦ ਵਿੱਚ ਇੱਕ ਹੋਰ ਕਲੀਨਿਕ ਲਗਾ ਸਕਦਾ ਹੈ। ਜੇਕਰ ਇਹ ਸੰਭਵ ਹੋਇਆ, ਤਾਂ ਸਕੂਲ ਤੁਹਾਨੂੰ ਕੈਚ-ਅੱਪ ਪ੍ਰਬੰਧਾਂ ਬਾਰੇ ਸੂਚਿਤ ਕਰੇਗਾ।

ਤੁਸੀਂ ਆਪਣੇ ਬੱਚੇ ਨੂੰ ਆਪਣੇ ਸਥਾਨਕ ਜੀਪੀ, ਫਾਰਮੇਸੀ ਜਾਂ ਐਬੋਰਿਜ਼ਨਲ ਮੈਡੀਕਲ ਸੇਵਾ ਵਿੱਚ ਵੀ ਲੈ ਕੇ ਜਾ ਸਕਦੇ ਹੋ। ਬਸ ਧਿਆਨ ਵਿੱਚ ਰੱਖੋ: ਟੀਕਾ ਮੁਫ਼ਤ ਹੈ, ਪਰ ਜੀਪੀ ਸਲਾਹ-ਮਸ਼ਵਰਾ ਫ਼ੀਸ ਲੈ ਸਕਦਾ ਹੈ।

## ਪ੍ਰਸ਼ਨ: ਕੀ ਮੈਂ ਸਹਿਮਤੀ ਵਾਪਸ ਲੈ ਸਕਦਾ/ਸਕਦੀ ਹਾਂ?

ਹਾਂ। ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ।

**ਜੇਕਰ ਤੁਸੀਂ ਔਨਲਾਈਨ ਸਹਿਮਤੀ ਦਿੱਤੀ ਹੈ:**

- https://engage.health.nsw.gov.au/engage 'ਤੇ ਜਾ ਕੇ ਇਸ ਟੀਕਾ ਲੱਗਣ ਦੀ ਪ੍ਰਕਿਰਿਆ ਤੋਂ 24 ਘੰਟੇ ਪਹਿਲਾਂ ਤੱਕ ਸਹਿਮਤੀ ਵਾਪਸ ਲੈ ਸਕਦੇ ਹੋ
- ਜੇ 24 ਘੰਟਿਆਂ ਤੋਂ ਘੱਟ ਸਮਾਂ ਬਚਿਆ ਹੈ? ਤਾਂ ਆਪਣੇ ਸਕੂਲ ਨਾਲ ਸਿੱਧਾ ਸੰਪਰਕ ਕਰੋ।

**ਜੇਕਰ ਤੁਸੀਂ ਕਾਗਜ਼ੀ ਫਾਰਮ 'ਤੇ ਸਹਿਮਤੀ ਦਿੱਤੀ ਹੈ:**

- ਕਲੀਨਿਕ ਤੋਂ ਪਹਿਲਾਂ ਸਕੂਲ ਨੂੰ ਚਿੱਠੀ ਲਿਖੋ, ਈਮੇਲ ਕਰੋ ਜਾਂ ਫ਼ੋਨ ਕਰੋ।

## ਪ੍ਰਸ਼ਨ: ਮੈਂ ਆਪਣੇ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਤੁਸੀਂ ਇਹ ਰਿਕਾਰਡ ਆਸਟ੍ਰੇਲੀਅਨ ਟੀਕਾਕਰਨ ਰਜਿਸਟਰ (AIR) ਰਾਹੀਂ ਪ੍ਰਾਪਤ ਕਰ ਸਕਦੇ ਹੋ।

- ਤੁਹਾਡੇ ਬੱਚੇ ਦੇ ਟੀਕਾਕਰਨ ਵੇਰਵੇ AIR ਵਿੱਚ ਉਨ੍ਹਾਂ ਦੇ ਰਿਕਾਰਡ ਵਿੱਚ ਸ਼ਾਮਲ ਕੀਤੇ ਜਾਣਗੇ।
- **ਜੇਕਰ ਤੁਹਾਡਾ ਬੱਚਾ 14 ਸਾਲ ਤੋਂ ਘੱਟ ਉਮਰ ਦਾ ਹੈ**, ਤਾਂ ਤੁਸੀਂ (ਮਾਤਾ-ਪਿਤਾ ਜਾਂ ਸਰਪ੍ਰਸਤ) ਉਨ੍ਹਾਂ ਦਾ ਟੀਕਾਕਰਨ ਇਤਿਹਾਸ ਲੈਣ ਦੀ ਬੇਨਤੀ ਕਰ ਸਕਦੇ ਹੋ।
- **ਜੇਕਰ ਤੁਹਾਡਾ ਬੱਚਾ 14 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ**, ਤਾਂ ਉਹ ਆਪਣੇ ਆਪ ਇਹ ਜਾਣਕਾਰੀ ਮੰਗ ਸਕਦਾ/ਸਕਦੀ ਹੈ।

ਤੁਸੀਂ ਰਿਕਾਰਡ ਇਸ ਤਰੀਕੇ ਨਾਲ ਪ੍ਰਾਪਤ ਕਰ ਸਕਦੇ ਹੋ:

- **ਔਨਲਾਈਨ:** myGov ਰਾਹੀਂ, ਆਪਣੇ ਮੈਡੀਕੇਅਰ ਖਾਤੇ ਵਿੱਚ ਲੌਗ ਇਨ ਕਰੋ: https://my.gov.au
- **ਐਪ:** ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰੋ - ਹੋਰ ਜਾਣਕਾਰੀ https://www.servicesaustralia.gov.au/express-plus-mobile-apps 'ਤੇ ਉਪਲਬਧ ਹੈ
- **ਫ਼ੋਨ:** ਆਸਟ੍ਰੇਲੀਅਨ ਟੀਕਾਕਰਨ ਰਜਿਸਟਰ ਨੂੰ 1800 653 809 'ਤੇ ਫ਼ੋਨ ਕਰੋ।

HPV ਟੀਕਾਕਰਨ ਲਗਵਾਉਣ ਵਾਲੀਆਂ ਕੁੜੀਆਂ ਦੇ ਮਾਪਿਆਂ ਲਈ ਟਿੱਪਣੀ; ਇਸ ਸਹਿਮਤੀ ਫਾਰਮ 'ਤੇ ਦਸਤਖ਼ਤ ਕਰਕੇ, ਤੁਸੀਂ ਆਪਣੇ ਬੱਚੇ ਦੀ ਸਿਹਤ ਜਾਣਕਾਰੀ ਅੱਗੇ ਸਾਂਝੀ ਕਰਨ ਲਈ ਸਹਿਮਤ ਹੋ ਰਹੇ ਹੋ ਤਾਂ ਜੋ ਇਸਨੂੰ ਭਵਿੱਖ ਵਿੱਚ ਰਾਸ਼ਟਰੀ ਸਰਵਾਈਕਲ ਸਕ੍ਰੀਨਿੰਗ ਪ੍ਰੋਗ੍ਰਾਮ ਰਜਿਸਟਰ ਨਾਲ ਜੋੜਿਆ ਜਾ ਸਕੇ।

## ਪ੍ਰਸ਼ਨ: ਮੈਨੂੰ ਸਕੂਲ ਟੀਕਾਕਰਨ ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਹੋਰ ਜਾਣਕਾਰੀ 2 ਤਰੀਕਿਆਂ ਨਾਲ ਪ੍ਰਾਪਤ ਕਰ ਸਕਦੇ ਹੋ:

1. **ਔਨਲਾਈਨ:** NSW ਸਿਹਤ ਵੈੱਬਸਾਈਟ www.health.nsw.gov.au/schoolvaccination 'ਤੇ ਜਾਓ
2. **ਫ਼ੋਨ:** ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਨੂੰ 1300 066 055 'ਤੇ ਫ਼ੋਨ ਕਰੋ।

# ਹਿਊਮਨ ਪੈਪੀਲੋਮਾਵਾਇਰਸ (HPV) ਟੀਕੇ ਬਾਰੇ ਜਾਣਕਾਰੀ

| | |
|---|---|
| **ਇਸ ਬਾਰੇ** | HPV ਟੀਕਾ 7ਵੀਂ ਕਲਾਸ ਵਿੱਚ ਪੜ੍ਹਦੇ **ਮੁੰਡਿਆਂ** ਅਤੇ **ਕੁੜੀਆਂ** ਨੂੰ ਦਿੱਤਾ ਜਾਂਦਾ ਹੈ, ਤਾਂ ਜੋ HPV ਕਾਰਨ ਹੋਣ ਵਾਲੇ ਕੈਂਸਰਾਂ, ਜਿਵੇਂ ਕਿ ਸਰਵਾਈਕਲ ਕੈਂਸਰ, ਸਿਰ ਅਤੇ ਗਲੇ ਦੇ ਕੈਂਸਰ, ਜਣਨ ਅੰਗਾਂ ਦੇ ਕੈਂਸਰ, ਅਤੇ ਜਣਨ ਅੰਗਾਂ ਦੇ ਮੱਸਿਆਂ ਤੋਂ ਬਚਾਅ ਕੀਤਾ ਜਾ ਸਕੇ। HPV ਟੀਕਾ ਕਿਸ਼ੋਰ ਅਵਸਥਾ ਦੇ ਸ਼ੁਰੂ ਵਿੱਚ ਦਿੱਤਾ ਜਾਣ 'ਤੇ ਸਭ ਤੋਂ ਵਧੀਆ ਕੰਮ ਕਰਦਾ ਹੈ, ਕਿਉਂਕਿ ਉਸ ਉਮਰ ਵਿੱਚ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। |
| **HPV ਕੀ ਹੈ ਅਤੇ ਇਹ ਕਿਵੇਂ ਫ਼ੈਲਦਾ ਹੈ?** | HPV ਵਾਇਰਸਾਂ ਦਾ ਇੱਕ ਸਮੂਹ ਹੈ ਜੋ ਮਰਦਾਂ ਅਤੇ ਔਰਤਾਂ ਦੋਵਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਚਮੜੀ ਤੋਂ ਚਮੜੀ ਦੇ ਸੰਪਰਕ ਰਾਹੀਂ ਫ਼ੈਲਦਾ ਹੈ, ਖ਼ਾਸ ਕਰਕੇ ਜਣਨ ਅੰਗਾਂ ਦੇ ਹਿੱਸੇ ਵਿੱਚ। |
| **ਲੱਛਣ?** | HPV ਵਾਲੇ ਜ਼ਿਆਦਾਤਰ ਲੋਕ ਕੋਈ ਲੱਛਣ ਨਹੀਂ ਦਿਖਾਉਂਦੇ ਅਤੇ ਸ਼ਾਇਦ ਉਨ੍ਹਾਂ ਨੂੰ ਪਤਾ ਵੀ ਨਾ ਹੋਵੇ ਕਿ ਉਨ੍ਹਾਂ ਨੂੰ HPV ਹੈ। ਕੁੱਝ ਕਿਸਮਾਂ ਦਿਖਾਈ ਦੇਣ ਵਾਲੇ ਮੱਸਿਆਂ ਦਾ ਕਾਰਨ ਬਣ ਸਕਦੀਆਂ ਹਨ, ਜਦੋਂ ਕਿ ਦੂਜੀਆਂ ਕਿਸਮਾਂ ਸੈੱਲਾਂ ਵਿੱਚ ਬਦਲਾਅ ਪੈਦਾ ਕਰ ਸਕਦੀਆਂ ਹਨ ਜੋ ਸਮੇਂ ਦੇ ਨਾਲ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ। |
| **ਕੀ HPV ਦਾ ਟੀਕਾ HPV ਤੋਂ ਬਚਾਅ ਕਰ ਸਕਦਾ ਹੈ?** | ਹਾਂ। ਟੀਕਾਕਰਨ ਪ੍ਰੋਗਰਾਮ ਤੋਂ ਬਿਨਾਂ, 5 ਵਿੱਚੋਂ 4 ਲੋਕ ਆਪਣੇ ਜੀਵਨ ਕਾਲ ਦੌਰਾਨ ਕਿਸੇ ਸਮੇਂ HPV ਨਾਲ ਲਾਗ ਗ੍ਰਸਤ ਹੋਣਗੇ। HPV ਟੀਕਾ ਉਨ੍ਹਾਂ 9 HPV ਕਿਸਮਾਂ ਤੋਂ ਲਗਭਗ 100% ਸੁਰੱਖਿਆ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਇਹ ਨਿਸ਼ਾਨਾ ਬਣਾਉਂਦਾ ਹੈ, ਖ਼ਾਸ ਕਰਕੇ ਜਦੋਂ ਟੀਕਾ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਲਗਾਇਆ ਜਾਵੇ। ਇਹ ਟੀਕਾ ਸਭ ਤੋਂ ਵਧੀਆ ਕੰਮ ਉਦੋਂ ਕਰਦਾ ਹੈ ਜਦੋਂ ਸ਼ੁਰੂਆਤੀ ਕਿਸ਼ੋਰ ਅਵਸਥਾ ਵਿੱਚ ਦਿੱਤਾ ਜਾਂਦਾ ਹੈ (ਭਾਵ, ਜਿਨਸੀ ਤੌਰ 'ਤੇ ਕਿਰਿਆਸ਼ੀਲ ਹੋਣ ਤੋਂ ਪਹਿਲਾਂ)। |
| **ਮੇਰੇ ਬੱਚੇ ਨੂੰ HPV ਟੀਕੇ ਦੀਆਂ ਕਿੰਨੀ ਖ਼ੁਰਾਕਾਂ ਦੀ ਲੋੜ ਹੈ?** | ਜ਼ਿਆਦਾਤਰ ਕਿਸ਼ੋਰਾਂ ਨੂੰ HPV ਟੀਕੇ ਦੀ ਸਿਰਫ਼ 1 ਖ਼ੁਰਾਕ ਦੀ ਲੋੜ ਹੁੰਦੀ ਹੈ। ਕਮਜ਼ੋਰ ਇਮਿਊਨ ਸਿਸਟਮ ਵਾਲੇ ਕਿਸ਼ੋਰਾਂ ਨੂੰ 3 ਖ਼ੁਰਾਕਾਂ ਦੀ ਲੋੜ ਹੁੰਦੀ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਵਾਧੂ ਖ਼ੁਰਾਕਾਂ ਦੀ ਲੋੜ ਹੋ ਸਕਦੀ ਹੈ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। |
| **ਕੀ ਕੋਈ ਮਾੜੇ ਪ੍ਰਭਾਵ ਹੋ ਸਕਦੇ ਹਨ** | ਕੁੱਝ ਮਾਮੂਲੀ ਮਾੜੇ ਪ੍ਰਭਾਵ ਹੋ ਸਕਦੇ ਹਨ, ਇਹ ਬਿਲਕੁਲ ਆਮ ਹਨ ਅਤੇ ਇੱਕ ਜਾਂ 2 ਦਿਨ ਤੋਂ ਵੱਧ ਨਹੀਂ ਰਹਿੰਦੇ।<br>ਇਨ੍ਹਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ: ਸੂਈ ਲੱਗਣ ਵਾਲੀ ਥਾਂ 'ਤੇ ਲਾਲੀ, ਸੋਜ ਜਾਂ ਦਰਦ; ਹਲਕਾ ਬੁਖ਼ਾਰ; ਹਲਕਾ ਸਿਰਦਰਦ; ਮਾਸਪੇਸ਼ੀਆਂ ਵਿੱਚ ਦਰਦ; ਥਕਾਵਟ; ਥੋੜ੍ਹਾ ਜਿਹਾ ਬਿਮਾਰ ਮਹਿਸੂਸ ਕਰਨਾ (ਜੀ ਕੱਚਾ ਹੋਣਾ)।<br>ਜੇਕਰ ਤੁਸੀਂ ਚਿੰਤਤ ਹੋ ਜਾਂ ਤੁਹਾਡਾ ਬੱਚਾ ਟੀਕਾਕਰਨ ਤੋਂ ਬਾਅਦ ਬਹੁਤ ਬਿਮਾਰ ਮਹਿਸੂਸ ਕਰਦਾ ਹੈ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ। |
| **ਕੀ ਇਹ ਵੈਕਸੀਨ ਸੁਰੱਖਿਅਤ ਹੈ?** | ਹਾਂ। HPV ਟੀਕਾ 2007 ਤੋਂ ਦੁਨਿਆ ਭਰ ਵਿੱਚ ਸੁਰੱਖਿਅਤ ਤਰੀਕੇ ਨਾਲ ਵਰਤਿਆ ਜਾ ਰਿਹਾ ਹੈ। ਅਧਿਐਨਾਂ ਅਤੇ ਸੁਰੱਖਿਆ ਜਾਂਚਾਂ ਤੋਂ ਪਤਾ ਚੱਲਦਾ ਹੈ ਕਿ ਇਹ ਚੰਗੀ ਤਰ੍ਹਾਂ ਬਰਦਾਸ਼ਤ ਕੀਤਾ ਜਾਂਦਾ ਹੈ ਅਤੇ ਬਹੁਤ ਸੁਰੱਖਿਅਤ ਮੰਨਿਆ ਜਾਂਦਾ ਹੈ। HPV ਟੀਕੇ ਦੀ ਨਿਰੰਤਰ ਸੁਰੱਖਿਆ ਲਈ ਨਿਗਰਾਨੀ ਕੀਤੀ ਜਾਂਦੀ ਹੈ: https://ausvaxsafety.org.au/national-immunisation-program-schedule-vaccines/12-13-years-schedule-point |
| **ਕੀ ਟੀਕਾਕਰਨ ਕਰਵਾ ਚੁੱਕੀਆਂ ਕੁੜੀਆਂ ਨੂੰ ਅਜੇ ਵੀ ਸਰਵਾਈਕਲ ਸਕ੍ਰੀਨਿੰਗ ਦੀ ਲੋੜ ਹੈ?** | ਹਾਂ। HPV ਟੀਕਾ ਹਰ ਕਿਸਮ ਦੇ HPV ਤੋਂ ਬਚਾਅ ਨਹੀਂ ਕਰਦਾ ਹੈ।<br>25 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਜੋ ਕਦੇ ਵੀ ਜਿਨਸੀ ਤੌਰ 'ਤੇ ਸਰਗਰਮ ਰਹੀਆਂ ਹਨ, ਉਨ੍ਹਾਂ ਨੂੰ ਹਰ 5 ਸਾਲਾਂ ਬਾਅਦ ਸਰਵਾਈਕਲ ਸਕ੍ਰੀਨਿੰਗ ਟੈਸਟ ਕਰਵਾਉਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਨੇ ਟੀਕਾ ਲਗਵਾਇਆ ਹੋਵੇ। |

# ਡਿਪਥੀਰੀਆ-ਟੈਟਨਸ-ਪਰਟੂਸਿਸ (dTpa) ਟੀਕੇ ਬਾਰੇ ਜਾਣਕਾਰੀ

| | ਡਿਪਥੀਰੀਆ (ਗਲ਼-ਘੋਟੂ ਰੋਗ) | ਟੈਟਨਸ (ਧੁਣਖਵਾਂ) | ਪਰਟੂਸਿਸ (ਕਾਲੀ ਖਾਂਸੀ) |
|---|---|---|---|
| **ਇਸ ਬਾਰੇ** | ਡਿਪਥੀਰੀਆ ਇੱਕ ਗੰਭੀਰ ਬਿਮਾਰੀ ਹੈ ਜੋ ਬੈਕਟੀਰੀਆ ਕਾਰਨ ਹੁੰਦੀ ਹੈ।<br>ਇਹ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦੀ ਹੈ, ਚਮੜੀ 'ਤੇ ਛਾਲੇ ਪੈਦਾ ਕਰ ਸਕਦੀ ਹੈ, ਅਤੇ ਦਿਲ ਜਾਂ ਨਸਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। | ਟੈਟਨਸ ਮਿੱਟੀ, ਧੂੜ ਅਤੇ ਜਾਨਵਰਾਂ ਦੇ ਮਲ ਵਿੱਚ ਪਾਏ ਜਾਣ ਵਾਲੇ ਕੀਟਾਣੂਆਂ ਕਾਰਨ ਹੁੰਦਾ ਹੈ। ਇਹ ਨਸਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਾਸਪੇਸ਼ੀਆਂ ਵਿੱਚ ਦਰਦ ਕਰਨ ਵਾਲੇ ਕੜਵੱਲ, ਸਖ਼ਤ ਜਬਾੜਾ (ਲੌਕਜੌ), ਅਤੇ ਕੜਵੱਲ ਤੋਂ ਨਮੂਨੀਆ ਜਾਂ ਟੁੱਟੀਆਂ ਹੱਡੀਆਂ ਵਰਗੀਆਂ ਹੋਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। | ਕਾਲੀ ਖਾਂਸੀ ਬੈਕਟੀਰੀਆ ਕਾਰਨ ਹੋਣ ਵਾਲੀ ਇੱਕ ਬਹੁਤ ਹੀ ਛੂਤ ਵਾਲੀ ਬਿਮਾਰੀ ਹੈ। ਇਸ ਨਾਲ ਬਹੁਤ ਜ਼ਿਆਦਾ ਖੰਘ ਅਤੇ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ।<br>ਇਹ ਬੱਚਿਆਂ ਲਈ ਜਾਨਲੇਵਾ ਹੋ ਸਕਦੀ ਹੈ, ਅਤੇ ਵੱਡੇ ਬੱਚਿਆਂ ਅਤੇ ਬਾਲਗਾਂ ਵਿੱਚ, ਖਾਂਸੀ ਕਈ ਮਹੀਨਿਆਂ ਤੱਕ ਰਹਿ ਸਕਦੀ ਹੈ। |
| **ਇਹ ਕਿਵੇਂ ਫ਼ੈਲਦੀ ਹੈ?** | ਹਵਾ ਵਿੱਚ ਮੌਜੂਦ ਬਹੁਤ ਛੋਟੀਆਂ ਬੂੰਦਾਂ ਰਾਹੀਂ, ਜਦੋਂ ਕੋਈ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ।<br>ਇਹ ਕਿਸੇ ਲਾਗ ਵਾਲੇ ਵਿਅਕਤੀ ਦੇ ਮੂੰਹ, ਨੱਕ, ਗਲੇ ਜਾਂ ਚਮੜੀ ਤੋਂ ਨਿਕਲਣ ਵਾਲੇ ਤਰਲ ਪਦਾਰਥ ਦੇ ਨਜ਼ਦੀਕੀ ਸੰਪਰਕ ਰਾਹੀਂ ਵੀ ਫ਼ੈਲ ਸਕਦਾ ਹੈ। | ਟੈਟਨਸ ਉਦੋਂ ਹੁੰਦਾ ਹੈ ਜਦੋਂ ਟੈਟਨਸ ਦੇ ਕੀਟਾਣੂ ਕੱਟ ਜਾਂ ਜ਼ਖ਼ਮ ਰਾਹੀਂ ਸਰੀਰ ਵਿੱਚ ਦਾਖ਼ਲ ਹੁੰਦੇ ਹਨ।<br>ਟੈਟਨਸ ਤੁਹਾਨੂੰ ਕਿਸੇ ਹੋਰ ਵਿਅਕਤੀ ਤੋਂ ਨਹੀਂ ਲੱਗ ਸਕਦਾ ਹੈ। | ਹਵਾ ਵਿੱਚ ਮੌਜੂਦ ਬਹੁਤ ਛੋਟੀਆਂ ਬੂੰਦਾਂ ਰਾਹੀਂ, ਜਦੋਂ ਕੋਈ ਖੰਘਦਾ ਜਾਂ ਛਿੱਕਦਾ ਹੈ। |
| **ਲੱਛਣ** | • ਗਲੇ ਵਿੱਚ ਦਰਦ<br>• ਬੁਖ਼ਾਰ<br>• ਨਿਗਲਣ ਜਾਂ ਸਾਹ ਲੈਣ ਵਿੱਚ ਮੁਸ਼ਕਲ<br>• ਸੁੱਜੀ ਹੋਈ ਗਰਦਨ<br>ਕੁੱਝ ਮਾਮਲਿਆਂ ਵਿੱਚ, ਇਹ ਦਿਲ ਅਤੇ ਨਸਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਅਤੇ ਇਹ ਜਾਨਲੇਵਾ ਵੀ ਹੋ ਸਕਦਾ ਹੈ। | • ਮਾਸਪੇਸ਼ੀਆਂ ਵਿੱਚ ਕੜਵੱਲ, ਖ਼ਾਸ ਕਰਕੇ ਜਬਾੜੇ ਵਿੱਚ (ਜਿਸਨੂੰ "ਲੌਕਜੌ" ਕਿਹਾ ਜਾਂਦਾ ਹੈ)<br>• ਗਰਦਨ, ਮੋਢਿਆਂ ਜਾਂ ਪਿੱਠ ਵਿੱਚ ਕਠੋਰਤਾ<br>• ਨਿਗਲਣ ਜਾਂ ਸਾਹ ਲੈਣ ਵਿੱਚ ਮੁਸ਼ਕਲ<br>• ਬੁਖ਼ਾਰ ਅਤੇ ਪਸੀਨਾ ਆਉਣਾ<br>ਆਧੁਨਿਕ ਹਸਪਤਾਲੀ ਇਲਾਜ ਦੇ ਬਾਵਜੂਦ ਵੀ, ਟੈਟਨਸ ਹੋਣ ਵਾਲੇ ਲਗਭਗ 10 ਵਿੱਚੋਂ 1 ਵਿਅਕਤੀ ਦੀ ਮੌਤ ਹੋ ਸਕਦੀ ਹੈ। | ਸ਼ੁਰੂਆਤੀ ਲੱਛਣਾਂ ਵਿੱਚ ਇਹ ਸ਼ਾਮਲ ਹੁੰਦੇ ਹਨ:<br>• ਬੰਦ ਹੋਇਆ ਜਾਂ ਵਹਿੰਦਾ ਨੱਕ<br>• ਥਕਾਵਟ ਮਹਿਸੂਸ ਕਰਨਾ<br>• ਹਲਕਾ ਬੁਖ਼ਾਰ<br>• ਖੰਘ ਦੇ ਦੌਰੇ, ਜੋ ਬਹੁਤ ਤੇਜ਼ ਹੋ ਸਕਦੇ ਹਨ।<br>ਇਹ ਖੰਘ ਦੇ ਦੌਰੇ ਅਕਸਰ "ਵੂਪ" ਵਰਗੀ ਆਵਾਜ਼ ਦੇ ਨਾਲ ਆਉਂਦੇ ਹਨ ਜਦੋਂ ਵਿਅਕਤੀ ਖੰਘਣ ਤੋਂ ਬਾਅਦ ਸਾਹ ਲੈਂਦਾ ਹੈ।<br>ਕਾਲੀ ਖਾਂਸੀ ਬੱਚਿਆਂ ਲਈ ਬਹੁਤ ਖ਼ਤਰਨਾਕ ਹੋ ਸਕਦੀ ਹੈ ਅਤੇ ਜਾਨਲੇਵਾ ਇਨਫੈਕਸ਼ਨਾਂ ਦਾ ਕਾਰਨ ਬਣ ਸਕਦੀ ਹੈ। |
| **ਕੀ dTpa ਟੀਕਾ ਇਨਫੈਕਸ਼ਨ ਨੂੰ ਰੋਕ ਸਕਦਾ ਹੈ?** | ਹਾਂ। dTpa ਦਾ 1-ਵਿੱਚ-3 ਬੂਸਟਰ ਟੀਕਾ ਕਿਸ਼ੋਰ-ਅਵਸਥਾ ਦੌਰਾਨ ਇੱਕੋ ਖ਼ੁਰਾਕ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਤਾਂ ਜੋ ਉਮਰ ਵੱਧਣ ਨਾਲ ਸੁਰੱਖਿਆ ਮਜ਼ਬੂਤ ਰਹੇ।<br>ਇਹ ਟੀਕਾ ਡਿਪਥੀਰੀਆ ਅਤੇ ਟੈਟਨਸ ਤੋਂ ਬਚਾਅ ਲਈ ਬਹੁਤ ਵਧੀਆ ਕੰਮ ਕਰਦਾ ਹੈ ਅਤੇ 10 ਵਿੱਚੋਂ 8 ਲੋਕਾਂ ਨੂੰ ਕਾਲੀ ਖੰਘ ਤੋਂ ਬਚਾਉਂਦਾ ਹੈ। | | |
| **dTpa ਟੀਕੇ ਦੇ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ** | ਕੁੱਝ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ, ਇਹ ਹੋਣੇ ਬਿਲਕੁਲ ਆਮ ਹਨ ਅਤੇ ਇੱਕ ਜਾਂ ਦੋ ਦਿਨ ਤੋਂ ਵੱਧ ਨਹੀਂ ਰਹਿਣੇ ਚਾਹੀਦੇ ਹਨ।<br>ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:<br>• ਸੂਈ ਲੱਗਣ ਵਾਲੀ ਥਾਂ 'ਤੇ ਲਾਲੀ, ਸੋਜ ਜਾਂ ਦਰਦ। ਕਦੇ-ਕਦਾਈਂ, ਟੀਕੇ ਵਾਲੀ ਥਾਂ 'ਤੇ ਇੱਕ ਸਖ਼ਤ ਗੰਢ ਬਣ ਸਕਦੀ ਹੈ, ਪਰ ਇਸਦੇ ਲਈ ਕੋਈ ਇਲਾਜ ਦੀ ਲੋੜ ਨਹੀਂ ਹੁੰਦੀ ਹੈ।<br>• ਹਲਕਾ ਬੁਖ਼ਾਰ।<br>ਜੇਕਰ ਤੁਸੀਂ ਚਿੰਤਤ ਹੋ ਜਾਂ ਤੁਹਾਡਾ ਬੱਚਾ ਟੀਕਾ ਲਗਾਉਣ ਤੋਂ ਬਾਅਦ ਬਿਮਾਰ ਮਹਿਸੂਸ ਕਰਦਾ ਹੈ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ। | | |
| **ਕੀ ਇਹ ਵੈਕਸੀਨ ਸੁਰੱਖਿਅਤ ਹੈ?** | ਹਾਂ। dTpa ਟੀਕਾ ਚੰਗੀ ਤਰ੍ਹਾਂ ਬਰਦਾਸ਼ਤ ਕੀਤਾ ਜਾਂਦਾ ਹੈ ਅਤੇ ਬਹੁਤ ਹੀ ਸੁਰੱਖਿਅਤ ਮੰਨਿਆ ਜਾਂਦਾ ਹੈ। dTpa ਟੀਕੇ ਦੀ ਨਿਰੰਤਰ ਸੁਰੱਖਿਆ ਲਈ ਨਿਗਰਾਨੀ ਕੀਤੀ ਜਾ ਰਹੀ ਹੈ: https://ausvaxsafety.org.au/national-immunisation-program-schedule-vaccines/12-13-years-schedule-point | | |

## 28 ਭਾਸ਼ਾਵਾਂ ਵਿੱਚ ਅਨੁਵਾਦ ਉਪਲਬਧ

https://www.health.nsw.gov.au/immunisation/Pages/school_vaccination_language.aspx

ਨਵੰਬਰ 2025 © NSW Health SHPN (HPNSW) 250853-19.

# ਗੋਪਨੀਯਤਾ ਬਿਆਨ

## ਸਾਡੀਆਂ ਜ਼ੁੰਮੇਵਾਰੀਆਂ

ਅਸੀਂ ਗੋਪਨੀਯ ਕਾਨੂੰਨ ਦੇ ਅਨੁਸਾਰ ਤੁਹਾਡੀ ਵਿਅਕਤੀਗਤ ਜਾਣਕਾਰੀ ਦੀ ਸੰਭਾਲ ਕਰਨ ਲਈ ਵਚਨਬੱਧ ਹਾਂ।

ਇਹ ਬਿਆਨ ਦੱਸਦਾ ਹੈ ਕਿ ਅਸੀਂ ਤੁਹਾਡੀ ਅਤੇ ਤੁਹਾਡੇ ਬੱਚੇ ਬਾਰੇ ਨਿੱਜੀ ਜਾਣਕਾਰੀ ਕਿਵੇਂ ਅਤੇ ਕਿਉਂ ਇਕੱਠੀ ਕਰਦੇ ਹਾਂ, ਤੁਸੀਂ ਆਪਣੀ ਜਾਣਕਾਰੀ ਕਿਵੇਂ ਹਾਸਲ ਕਰ ਸਕਦੇ ਹੋ ਅਤੇ ਤੁਹਾਡੀ ਜਾਣਕਾਰੀ ਐਨ.ਐਸ.ਡਬਲਯੂ ਦੀ ਜਨ ਸਿਹਤ ਸੇਵਾ ਦੇ ਅੰਦਰ ਕਿਵੇਂ ਵਰਤੀ ਜਾ ਸਕਦੀ ਹੈ ਜਾਂ ਦੂਜੀਆਂ ਧਿਰਾਂ ਨੂੰ ਕਿਵੇਂ ਦਿਤੀ ਜਾ ਸਕਦੀ ਹੈ। ਤੁਹਾਡੀ ਨਿੱਜੀ ਜਾਣਕਾਰੀ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਵਾਰੇ ਨਿੱਜੀ ਵੇਰਵੇ ਅਤੇ ਤੁਹਾਡੇ ਬੱਚੇ ਦੀ ਟੀਕਾਕਰਨ ਨਾਲ ਜੁੜੀ ਨਿੱਜੀ ਸਿਹਤ ਜਾਣਕਾਰੀ ਹੁੰਦੀ ਹੈ।

## ਇੱਕਠੀ ਕਰਨਾ

ਨਿੱਜੀ ਵਿਸਤਾਰ ਇਕੱਠਾ ਕੀਤਾ ਜਾਂਦਾ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਟੀਕਿਆਂ ਰਾਹੀਂ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਦੀ ਵਿੱਧੀ ਲਈ ਓਚਿੱਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ

ਕੇਵਲ ਉਹੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਨੂੰ ਟੀਕਿਆਂ ਰਾਹੀਂ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਦੀ ਵਿੱਧੀ ਦੇ ਪ੍ਰਬੰਧ ਕਰਨ ਲਈ ਢੁਕਵੀਂ ਅਤੇ ਜਰੂਰੀ ਹੈ।

ਜਿਥੇ ਸੰਭਵ ਹੋਵੇ, ਜਾਣਕਾਰੀ ਤੁਹਾਡੇ ਅਤੇ ਤੁਹਾਡੇ ਬੱਚੇ ਤੋਂ ਸਿੱਧੇ ਤੌਰ ਤੇ ਇਕੱਠੀ ਕੀਤੀ ਜਾਂਦੀ ਹੈ। ਤੁਹਾਡੇ ਬੱਚੇ ਦੇ ਸਕੂਲ ਅਤੇ ਦੂਸਰੇ ਸਿਹਤ ਪੇਸ਼ਾਵਰਾਂ, ਜੋ ਤੁਹਾਡੇ ਬੱਚੇ ਦਾ ਇਲਾਜ ਕਰਦੇ ਹਨ, ਤੋਂ ਵੀ ਜਾਣਕਾਰੀ ਇਕੱਠੀ ਕਰਨ ਦੀ ਜਰੂਰਤ ਹੋ ਸਕਦੀ ਹੈ।ਇਕ ਸੰਕਟ ਵਿੱਚ, ਜਾਣਕਾਰੀ ਪਰਵਾਰ ਦੇ ਕੋਈ ਹੋਰ ਜੀਅ, ਦੋਸਤ, ਰੱਖਵਾਲਕ ਜਾਂ ਦੂਸਰੇ ਵਿਅਕਤੀ ਤੋਂ ਵੀ ਇਕੱਠੀ ਕਰਨ ਦੀ ਲੋੜ ਹੋ ਸਕਦੀ ਹੈ ਤਾਂ ਜੋ ਉਹ ਤੁਹਾਡੇ ਬੱਚੇ ਨੂੰ ਸੱਭ ਤੋਂ ਉਤਮ ਸਾਂਭ ਸੰਭਾਲ ਦੇਣ ਲਈ ਸਾਡੀ ਮੱਦਦ ਕਰ ਸਕਣ।

## ਇੱਕਠੀ ਕੀਤੀ ਜਾਣਕਾਰੀ ਦੀ ਸੁਰੱਖਿਆ

ਨਿੱਜੀ ਜਾਣਕਾਰੀ ਅਨੇਕਾਂ ਤਰੀਕਿਆਂ ਰਾਹੀਂ ਰੱਖੀ ਜਾ ਸਕਦੀ ਹੈ। ਸੱਭ ਤੋਂ ਸਧਾਰਨ ਤੌਰ ਤੇ, ਜਾਣਕਾਰੀ ਇੱਕ ਕਾਗਜ਼ੀ ਡਾਕਟਰੀ ਉਲੇਖ ਵਾਂਗ ਰੱਖੀ ਜਾ ਸਕਦੀ ਹੈ, ਅਤੇ/ਜਾਂ ਇੱਕ ਇਲੈਕਟਰਾਨਿਕ ਡਾਕਟਰੀ ਉਲੇਖ ਜੋ ਕੰਮਪਿਊਟਰ ਰਾਹੀਂ ਬਣੇ ਇੱਕ ਸੁਰੱਖਿਅਤ ਅੰਕੜਾ-ਭੰਡਾਰ ਦਾ ਹਿੱਸਾ ਬਣਿਆ ਹੋਵੇ। ਅਸੀਂ ਤੁਹਾਡੀ ਜਾਣਕਾਰੀ ਨੂੰ ਨੁਕਸਾਨ, ਅਣਅਧਿਕਾਰਤ ਪਹੁੰਚ ਅਤੇ ਦੁਰਵਰਤੋਂ ਤੋਂ ਬਚਾਉਣ ਲਈ, ਇਸਨੂੰ ਰੱਖਣ ਦੇ ਸਾਰੇ ਤਰੀਕਿਆਂ ਵਿੱਚ ਸਖਤ ਨਿਯਮਾਂ ਅਤੇ ਨੀਤੀਆਂ ਦੀ ਪਾਲਣਾ ਕਰਦੇ ਹਾਂ।ਵਰਤੋਂ ਅਤੇ ਖੁਲਾਸਾ।

## ਵਰਤੋਂ ਅਤੇ ਖੁਲਾਸਾ

ਤੁਹਾਡੀ ਨਿੱਜੀ ਜਾਣਕਾਰੀ ਜਾਂ ਤੁਹਾਡੇ ਬੱਚੇ ਦੀ ਜਾਣਕਾਰੀ ਐਨ ਐੱਸ ਡਬਲਯੂ ਦੀ ਜਨਤਕ ਸਿਹਤ ਸੇਵਾ ਦੁਆਰਾ ਵਰਤੀ ਜਾ ਸਕਦੀ ਹੈ, ਜਾਂ ਸਿਹਤ ਸੇਵਾ ਤੋਂ ਬਾਹਰ ਜਾਹਰ ਕੀਤੀ ਜਾ ਸਕਦੀ ਹੈ, ਤਾਂ ਜੋ ਤੁਹਾਨੂੰ ਢੁੱਕਵੀਂ ਦੇਖਭਾਲ ਅਤੇ ਇਲਾਜ ਮੁਹੱਈਆ ਕੀਤਾ ਜਾ ਸਕੇ। ਉਦਾਹਰਨ ਲਈ, ਤੁਹਾਡੀ ਜਾਣਕਾਰੀ ਦਾ ਇਸਤੇਮਾਲ ਜਾਂ ਇਹ ਜਾਹਰ, ਤੁਹਾਡੇ ਜੀ.ਪੀ ਨੂੰ, ਤੁਹਾਡੇ ਬੱਚੇ ਦੇ ਜੀ.ਪੀ. ਨੂੰ, ਇਕ ਹੋਰ ਇਲਾਜ ਕਰਨ ਵਾਲੀ ਸਿਹਤ ਸੇਵਾ ਜਾਂ ਹਸਪਤਾਲ ਨੂੰ, ਐਨ ਐਸ ਡਬਲਯੂ ਦੀ ਐਂਬੂਲੈਂਸ ਸੇਵਾ ਲਈ, ਰੈਫ਼ਰਲ ਲਈ ਮਾਹਿਰ ਕੋਲ ਜਾਂ ਪੈਥੋਲੋਜੀ ਟੈਸਟਾਂ ਲਈ ਕੀਤਾ ਜਾ ਸਕਦਾ ਹੈ।

ਨਿੱਜੀ ਜਾਣਕਾਰੀ ਦਾ ਇਸਤੇਮਾਲ ਜਾਂ ਖੁਲਾਸਾ ਐਨ ਐੱਸ ਡਬਲਯੂ ਦੇ ਸਿਹਤ ਸੇਵਾ ਦੇ ਕਾਰਜਾਂ ਅਤੇ ਸਾਡੇ ਮਰੀਜ਼ਾਂ ਦੇ ਇਲਾਜ ਨਾਲ ਜੁੜੇ ਉਦੇਸ਼ਾਂ ਲਈ ਵੀ ਕੀਤਾ ਜਾ ਸਕਦਾ ਹੈ, ਜਿਸ ਵਿਚ ਫੰਡ, ਯੋਜਨਾਬੰਦੀ, ਸੁਰੱਖਿਆ ਅਤੇ ਗੁਣਵੱਤਾ ਸੁਧਾਰ ਦੀਆਂ ਗਤੀਵਿਧੀਆਂ ਸ਼ਾਮਲ ਹਨ।ਨਿੱਜੀ ਜਾਣਕਾਰੀ ਦਾ ਖੁਲਾਸਾ ਰਾਜ ਅਤੇ ਰਾਸ਼ਟਰਮੰਡਲ ਸਰਕਾਰੀ ਏਜੰਸੀਆਂ ਨੂੰ ਕਾਨੂੰਨ ਦੀ ਪਾਲਣਾ ਕਰਨ ਲਈ, ਦੱਸਣਯੋਗ ਬਿਮਾਰੀਆਂ ਦੀ ਰਿਪੋਰਟ ਕਰਨ ਲਈ, ਮੈਡੀਕੇਅਰ ਵੇਰਵੇ ਅਤੇ ਟੀਕਾਕਰਨ ਅੰਕੜੇ ਮੁਹੱਈਆ ਕਰਨ ਲਈ ਕੀਤਾ ਜਾਣਾ ਜਰੂਰੀ ਹੈ। ਐਚ ਪੀ ਵੀ ਟੀਕਾਕਰਨ ਦਾ ਵੇਰਵਾ ਆਸਟ੍ਰੇਲੀਆ ਦੇ ਟੀਕਾਕਰਣ ਰਜਿਸਟਰ (ਏ.ਆਈ.ਆਰ.) ਤੇ ਚਾੜ੍ਹਿਆ ਜਾਵੇਗਾ, ਜੋ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ, ਅਤੇ ਭਵਿੱਖ ਵਿੱਚ ਏਆ ਈਆ ਰ ਟੀਕਾਕਰਨ ਇਤਿਹਾਸ ਬਿਆਨਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਜਨਾਨਾ ਵਿਦਿਆਰਥਣਾਂ ਨਾਲ ਸਬੰਧਤ ਅੰਕੜੇ ਵੀ ਭਵਿੱਖ ਵਿੱਚ ਨੈਸ਼ਨਲ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ ਨੂੰ ਦੱਸੇ ਜਾਣਗੇ।ਅਸੀਂ ਗਾਹਕਾਂ ਦੀ ਸੰਤੁਸ਼ਟੀ ਸਰਵੇਖਣਾਂ ਬਾਰੇ ਅਤੇ ਟੀਕਾਕਰਨ ਤੋਂ ਸੁਰੱਖਿਆ ਦੀ ਨਿਗਰਾਨੀ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਵੀ ਕਰ ਸਕਦੇ ਹਾਂ। ਹਿੱਸਾ ਲੈਣਾ ਸਵੈ-ਇੱਛੁਕ ਹੈ ਅਤੇ ਹਿੱਸਾ ਨਾ ਲੈਣ ਤੇ ਸਿਹਤ ਸੰਭਾਲ ਤੇ ਅਸਰ ਨਹੀਂ ਪੈਂਦਾ।

## ਤੁਹਾਡੀ ਜਾਣਕਾਰੀ ਨੂੰ ਪਹੁੰਚ

ਸਾਡੇ ਵਲੋਂ ਰੱਖੀ ਤੁਹਾਡੀ ਨਿੱਜੀ ਜਾਣਕਾਰੀ, ਅਤੇ ਉਹ ਵੀ ਜੋ ਤੁਹਾਡੇ ਬੱਚੇ ਦੀ ਹੈ, ਨੂੰ ਤੁਸੀਂ ਹਾਸਲ ਕਰਨ ਦੀ ਬੇਨਤੀ ਲਈ ਅਧਿਕਾਰ ਰੱਖਦੇ ਹੋ। ਤੁਹਾਨੂੰ ਇੱਕ ਫ਼ੀਸ ਦੇਣੀ ਪੈ ਸਕਦੀ ਹੈ ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਜਾਂ ਡਾਕਟਰੀ ਉਲੇਖ ਦੀਆਂ ਨਕਲਾਂ (ਕਾਪੀਆਂ) ਲਈ ਬੇਨਤੀ ਕਰੋ।

## ਹੋਰ ਜਾਣਕਾਰੀ ਅਤੇ ਸਾਡੇ ਨਾਲ ਸੰਪਰਕ ਕਰੋ

ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਪ੍ਰਬੰਧਿਤ ਕੀਤਾ ਜਾਂਦਾ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਜਾਣਕਾਰੀ ਲਈ ਐਨ ਐੱਸ ਡਬਲਯੂ ਹੈਲਥ ਪ੍ਰਾਇਵੇਸੀ ਦਸਤਾਵੇਜ ਦੇਖੋ:
health.nsw.gov.au/patients/privacy

ਜੇ ਤੁਹਾਡੇ ਕੋਲ ਕੋਈ ਨਿੱਜੀ ਜਾਣਕਾਰੀ ਦੀ ਗੋਪਨੀਯਤਾ ਬਾਰੇ ਕੋਈ ਪ੍ਰਸ਼ਨ ਜਾਂ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ 1300 066 055 ਤੇ ਆਪਣੀ ਸਥਾਨਕ ਜਨਤਕ ਸਿਹਤ ਇਕਾਈ ਨਾਲ ਸੰਪਰਕ ਕਰੋ।

October 2024 © NSW Health. SHPN (HPNSW) 240747-1-18

Punjabi

NSW GOVERNMENT

# ਐਨ ਐਸ ਡਬਲਯੂ ਸਕੂਲ ਟੀਕਾਕਰਣ ਪਰੋਗਰਾਮ

ਮਾਪੇ/ਸਰਪ੍ਰਸਤ ਇੱਕ **ਕਾਲੇ** ਜਾਂ **ਨੀਲੇ** ਪੈਨ ਦੀ ਵਰਤੋਂ ਕਰਦੇ ਹੋਏ **ਵਡੇ** ਅੱਖਰਾਂ ਵਿੱਚ ਸਾਰੇ ਖਾਨਿਆਂ ਨੂੰ ਪੂਰਾ ਕਰਨ।

**ਵਿਦਿਆਰਥੀ ਦਾ ਵੇਰਵਾ** (ਇਹ ਵੇਰਵੇ ਮੈਡੀਕੇਅਰ ਕਾਰਡ 'ਤੇ ਦਰਸਾਏ ਵੇਰਵਿਆਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ)

ਗੋਤ

ਨਾਮ

ਬੱਚੇ ਦਾ ਆਸਟ੍ਰੇਲੀਆ ਵਾਲਾ ਪਤਾ (ਜਿਵੇਂ ਕਿ, 5 SMITH LANE)

ਸਬਰਬ ਪੋਸਟਕੋਡ ਨੰਬਰ

ਜਨਮ ਮਿਤੀ __ / __ / 2 0 __

ਲਿੰਗ (ਮਰਦ/ਔਰਤ) ☐ ਮ ☐ ਅ ☐ ਅਨਿਸ਼ਚਿਤ/ਅੰਤਰਲਿੰਗੀ/ਅਣ-ਨਿਰਧਾਰਤ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ




## ਆਦਿਵਾਸੀ ਦਰਜਾ

☐ ਨਹੀਂ ☐ ਹਾਂ, ਐਬਉਰੀਜ਼ਨਲ ☐ ਹਾਂ, ਟੌਰਿਸ ਸਟਰੇਟ ਆਈਲੈਂਡਰ ☐ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟੇਟ ਆਈਲੈਂਡਰ

## ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮਾਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ, JACK SMITH)

ਮੋਬਾਇਲ ਨੰਬਰ ਉੱਤਮ ਵਕਿਲਪੀ ਜਾਂ ਦੂਸਰਾ ਨੰਬਰ

ਈਮੇਲ ਪਤਾ

## ਰਜ਼ਾਮੰਦੀ

ਮੈ **ਐਚ ਪੀ ਵੀ ਟੀਕਾਕਰਣ ਅਤੇ ਡੀ ਟੀ ਪੀ ਏ ਟੀਕਾਕਰਣ** ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ ਅਤੇ ਮੈਨੂੰ ਪਤਾ ਹੈ ਕਿ ਮੈ ਕਿਸੇ ਵੇਲੇ ਵੀ **ਰਜ਼ਾਮੰਦੀ ਵਾਪਸ** ਲੈ ਸਕਦਾ ਹਾਂ।

ਮੈਨੂੰ ਗੋਪਨੀਯਤਾ ਬਿਆਨ ਦੀ ਇੱਕ ਨਕਲ ਪ੍ਰਦਾਨ ਕੀਤੀ ਗਈ ਹੈ ਅਤੇ ਮੈਂ ਸਮਝਦਾ / ਸਮਝਦੀ ਹਾਂ ਕਿ ਮੇਰੀ ਅਤੇ / ਜਾਂ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ ਦਾ (ਸਿਹਤ ਦੀ ਜਾਣਕਾਰੀ ਸਮੇਤ) ਕੁਝ ਹਾਲਤਾਂ ਵਿੱਚ ਖੁਲਾਸਾ ਕੀਤੀ ਜਾ ਸਕਦਾ ਹੈ ਜਿਵੇਂ ਕਿ ਬਿਆਨ ਵਿੱਚ ਦਿੱਤਾ ਗਿਆ ਹੈ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਮਾਪਿਆਂ ਦੀ ਜਾਣਕਾਰੀ ਸ਼ੀਟ ਵਿੱਚ ਸੂਚਤ ਰੋਗ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦਾ ਕੋਈ ਵੀ ਭਾਗ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਰੱਖਦਾ।
3. ਗਰਭਵਤੀ ਨਹੀਂ ਹੈ।

**ਮੈਂ, ਅੱਜ (ਅੱਜ ਦੀ ਤਾਰੀਖ)** __ / __ / 2 0 __

**ਹਰੇਕ ਟੀਕਾ ਜੋ ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਮੇਰਾ ਬੱਚਾ ਪ੍ਰਾਪਤ ਕਰੇ, ਉਸ ਲਈ ਹੇਠਾਂ ਦਸਤਖਤ ਕਰਦਾ/ਕਰਦੀ ਹਾਂ।**

**ਐਚ ਪੀ ਵੀ ਟੀਕਾਕਰਣ।**
ਮੈਂ ਇੱਥੇ ਆਪਣੇ ਇਸ ਨਾਮ ਵਾਲੇ ਬੱਚੇ ਨੂੰ ਇੱਕ ਖ਼ੁਰਾਕ ਵਾਲੇ ਕੋਰਸ ਨੂੰ ਲੈਣ ਦੀ ਸਹਿਮਤੀ ਦਿੰਦਾ/ਦਿੰਦੀ ਹਾਂ।

**ਮਾਪੇ/ਰੱਖਵਾਲੇ ਦੇ ਦਸਤਖਤ**

**ਡਿਪਥੀਰੀਆ-ਟੈਟਨਸ-ਪਰਟੂਸਿਸ (dTpa) ਟੀਕਾਕਰਣ।**
ਮੈਂ ਇੱਥੇ ਆਪਣੇ ਇਸ ਨਾਮ ਵਾਲੇ ਬੱਚੇ ਨੂੰ ਇੱਕ (ਬੂਸਟਰ) ਖ਼ੁਰਾਕ ਵਾਲੇ ਕੋਰਸ ਨੂੰ ਲੈਣ ਦੀ ਸਹਿਮਤੀ ਦਿੰਦਾ/ਦਿੰਦੀ ਹਾਂ।

**ਮਾਪੇ/ਰੱਖਵਾਲੇ ਦੇ ਦਸਤਖਤ**

ਆਨਲਾਈਨ ਸਹਿਮਤੀ ਪ੍ਰਦਾਨ ਕਰਨ ਲਈ https://engage.health.nsw.gov.au/engage 'ਤੇ ਜਾਓ

**ਹੋਰ ਜਾਣਕਾਰੀ:**

**ਕਿਰਪਾ ਕਰ ਕੇ ਪੰਨਾ ਪਲਟੋ** ▶

ਸਿਰਫ਼ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ਾ
ਰਜ਼ਾਮੰਦੀ ਫ਼ਾਰਮ ਪੂਰਾ ਕਰੋ।

# ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦਾ ਉਲੇਖ

ਮਾਪੇ ਜਾਂ ਰੱਖਵਾਲਾ ਪੂਰਾ ਕਰਨ
**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JACK SMITH)

## ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

| ਰੋਗ਼ ਵਿਰੋਧੀ ਟੀਕੇ | ਬਾਂਹ | ਟੀਕੇ ਦਾ ਬੈਚ ਨੰਬਰ | ਖ਼ੁਰਾਕ ਤਾਰੀਖ਼ (ਦਿਨ/ਮਹੀਨਾ/ਸਾਲ) | ਟੀਕਾ ਲਗਾਉਣ ਦਾ ਸਮਾਂ (24 ਘੰਟੇ) | ਨਰਸ (ਦਾਈ) ਦੇ ਦਸਤਖ਼ਤ |
|---|---|---|---|---|---|
| ਐਚ ਪੀ ਵੀ (HPV) | ਖੱਬੀ<br>ਸੱਜੀ | | / / | : | |
| ਡੀ ਟੀ ਪੀ ਏ (dTpa) | ਖੱਬੀ<br>ਸੱਜੀ | | / / | : | |

## ਨਰਸ ਦੀਆਂ ਟਿੱਪਣੀਆਂ

ਸਿਰਫ਼ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ੀ
ਰਜ਼ਾਮੰਦੀ ਫ਼ਾਰਮ ਪੂਰਾ ਕਰੋ।

NSW Health (NSW ਸਿਹਤ ਵਿਭਾਗ)

# ਗੁਪਤਤਾ ਅਤੇ ਸਹਿਮਤੀ ਸੰਬੰਧੀ ਜਾਣਕਾਰੀ

ਇਸ ਸਹਿਮਤੀ ਫਾਰਮ ਵਿੱਚ ਜਾਣਕਾਰੀ ਪ੍ਰਦਾਨ ਕਰਨਾ ਸਵੈਇੱਛਕ ਹੈ। ਹਾਲਾਂਕਿ, ਇਹ ਜਾਣਕਾਰੀ ਨਾ ਦੇਣ ਦੀ ਸੂਰਤ ਵਿੱਚ, ਟੀਕਾਕਰਨ ਸੇਵਾ ਉਪਲਬਧ ਨਹੀਂ ਹੋ ਸਕਦੀ ਹੈ। ਤੁਹਾਡੀ ਜਾਣਕਾਰੀ ਨੂੰ ਸਖ਼ਤ NSW ਅਤੇ ਕਾਮਨਵੈਲਥ ਗੁਪਤਤਾ ਸੰਬੰਧੀ ਕਾਨੂੰਨਾਂ ਅਧੀਨ ਸੁਰੱਖਿਅਤ ਰੱਖਿਆ ਜਾਂਦਾ ਹੈ (ਹੋਰ ਜਾਣਕਾਰੀ ਲਈ ਨਾਲ ਨੱਥੀ ਗੁਪਤਤਾ ਸਟੇਟਮੈਂਟ ਨੂੰ ਵੇਖੋ)। ਇਹ ਜਾਣਕਾਰੀ NSW ਦੇ ਸਿਹਤ ਵਿਭਾਗ ਦੇ ਟੀਕਾਕਰਨ ਰਜਿਸਟਰ ਵਿੱਚ ਦਰਜ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਆਸਟ੍ਰੇਲੀਅਨ ਟੀਕਾਕਰਨ ਰਜਿਸਟਰ (Australian Immunisation Register, AIR) ਵਿੱਚ ਅਪਲੋਡ ਕੀਤੀ ਜਾਵੇਗੀ, ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਰਿਕਾਰਡ ਨਾਲ ਜੋੜਿਆ ਜਾ ਸਕੇ ਅਤੇ MyGov 'ਤੇ ਵੇਖਿਆ ਜਾ ਸਕੇ।

## ਗੁਪਤਤਾ ਬਿਆਨ - ਸਾਡੀਆਂ ਜ਼ਿੰਮੇਵਾਰੀਆਂ

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਗੁਪਤਤਾ ਕਾਨੂੰਨ ਦੇ ਅਨੁਸਾਰ ਸੰਭਾਲਣ ਲਈ ਵਚਨਬੱਧ ਹਾਂ। ਇਹ ਸਟੇਟਮੈਂਟ ਇਸ ਗੱਲ ਦੀ ਵਿਆਖਿਆ ਕਰਦੀ ਹੈ ਕਿ ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਨਿੱਜੀ ਜਾਣਕਾਰੀ ਕਿਵੇਂ ਅਤੇ ਕਿਉਂ ਇਕੱਠੀ ਕਰਦੇ ਹਾਂ, ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ, ਅਤੇ ਤੁਹਾਡੀ ਜਾਣਕਾਰੀ ਨੂੰ NSW ਦੀ ਸਰਕਾਰੀ ਸਿਹਤ ਸੇਵਾ ਵਿਚ ਕਿਵੇਂ ਵਰਤਿਆ ਜਾਂਦਾ ਹੈ ਜਾਂ ਹੋਰ ਧਿਰਾਂ ਨਾਲ ਕਿਵੇਂ ਸਾਂਝਾ ਕੀਤਾ ਜਾ ਸਕਦਾ ਹੈ। ਤੁਹਾਡੀ ਨਿੱਜੀ ਜਾਣਕਾਰੀ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਸੰਬੰਧਿਤ ਨਿੱਜੀ ਜਾਣਕਾਰੀ, ਅਤੇ ਤੁਹਾਡੇ ਬੱਚੇ ਦੇ ਟੀਕਾਕਰਨ ਨਾਲ ਸੰਬੰਧਿਤ ਨਿੱਜੀ ਸਿਹਤ ਜਾਣਕਾਰੀ ਸ਼ਾਮਲ ਹੁੰਦੀ ਹੈ।

## ਜਾਣਕਾਰੀ ਇਕੱਠੀ ਕਰਨਾ

ਨਿੱਜੀ ਜਾਣਕਾਰੀ ਇਸ ਲਈ ਇਕੱਠੀ ਕੀਤੀ ਜਾਂਦੀ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਢੁੱਕਵੀਆਂ ਟੀਕਾਕਰਨ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਸਿਰਫ਼ ਉਹੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਦਾ ਟੀਕਾਕਰਨ ਕਰਨ, ਅਤੇ ਟੀਕਾਕਰਨ ਸੇਵਾਵਾਂ ਦੇ ਪ੍ਰਬੰਧਨ ਨਾਲ ਸੰਬੰਧਿਤ ਅਤੇ ਜ਼ਰੂਰੀ ਹੁੰਦੀ ਹੈ। ਜਦੋਂ ਵੀ ਸੰਭਵ ਹੋਵੇ, ਤਾਂ ਇਹ ਜਾਣਕਾਰੀ ਸਿੱਧੇ ਤੁਹਾਡੇ ਅਤੇ ਤੁਹਾਡੇ ਬੱਚੇ ਤੋਂ ਇਕੱਠੀ ਕੀਤੀ ਜਾਂਦੀ ਹੈ। ਇਹ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਤੋਂ, ਅਤੇ ਉਨ੍ਹਾਂ ਸਿਹਤ ਪੇਸ਼ੇਵਰਾਂ ਤੋਂ ਵੀ ਇਕੱਠੀ ਕੀਤੀ ਜਾਣ ਦੀ ਲੋੜ ਪੈ ਸਕਦੀ ਹੈ ਜਿਨ੍ਹਾਂ ਨੇ ਤੁਹਾਡੇ ਬੱਚੇ ਦਾ ਇਲਾਜ ਕੀਤਾ ਹੋਵੇ। ਐਮਰਜੈਂਸੀ ਦੀ ਸਥਿਤੀ ਵਿੱਚ, ਇਹ ਜਾਣਕਾਰੀ ਕਿਸੇ ਹੋਰ ਪਰਿਵਾਰਕ ਮੈਂਬਰ, ਦੋਸਤ, ਦੇਖਭਾਲ ਕਰਨ ਵਾਲੇ ਜਾਂ ਕਿਸੇ ਹੋਰ ਵਿਅਕਤੀ ਤੋਂ ਵੀ ਇਕੱਠੀ ਕਰਨ ਦੀ ਲੋੜ ਪੈ ਸਕਦੀ ਹੈ, ਜੋ ਸਾਨੂੰ ਤੁਹਾਡੇ ਬੱਚੇ ਨੂੰ ਬੇਹਤਰੀਨ ਦੇਖਭਾਲ ਪ੍ਰਦਾਨ ਕਰਨ ਵਿੱਚ ਮੱਦਦ ਕਰ ਸਕਦੀ ਹੈ।

## ਇਕੱਠੀ ਕੀਤੀ ਗਈ ਜਾਣਕਾਰੀ ਦੀ ਸੁਰੱਖਿਆ

ਨਿੱਜੀ ਜਾਣਕਾਰੀ ਨੂੰ ਕਈ ਤਰੀਕਿਆਂ ਨਾਲ ਸੰਭਾਲਿਆ ਜਾ ਸਕਦਾ ਹੈ। ਆਮ ਤੌਰ 'ਤੇ, ਇਸ ਜਾਣਕਾਰੀ ਨੂੰ ਇੱਕ ਕਾਗਜ਼ੀ ਮੈਡੀਕਲ ਰਿਕਾਰਡ ਦੇ ਰੂਪ ਵਿੱਚ, ਅਤੇ/ਜਾਂ ਇਲੈਕਟ੍ਰਾਨਿਕ ਮੈਡੀਕਲ ਰਿਕਾਰਡ ਦੇ ਰੂਪ ਵਿੱਚ ਰੱਖਿਆ ਜਾਂਦਾ ਹੈ, ਜੋ ਕਿ ਇੱਕ ਸੁਰੱਖਿਅਤ ਕੰਪਿਊਟਰਾਈਜ਼ਡ ਡਾਟਾਬੇਸ ਦਾ ਹਿੱਸਾ ਹੁੰਦਾ ਹੈ। ਅਸੀਂ ਤੁਹਾਡੀ ਜਾਣਕਾਰੀ ਨੂੰ ਗੁੰਮ ਹੋਣ ਤੋਂ, ਅਣ-ਅਧਿਕਾਰਤ ਪਹੁੰਚ ਕਰਨ ਅਤੇ ਗ਼ਲਤ ਵਰਤੋਂ ਤੋਂ ਬਚਾਉਣ ਲਈ ਸਾਰੇ ਰੂਪਾਂ ਵਿੱਚ ਨਿੱਜੀ ਜਾਣਕਾਰੀ ਦੇ ਸੁਰੱਖਿਅਤ ਸੰਭਾਲ ਸੰਬੰਧੀ ਸਖ਼ਤ ਨਿਯਮਾਂ ਅਤੇ ਨੀਤੀਆਂ ਦੀ ਪਾਲਣਾ ਕਰਦੇ ਹਾਂ।

## ਮਾਪਿਆਂ ਲਈ ਜਾਣਕਾਰੀ ਸ਼ੀਟ – ਵਰਤੋਂ ਅਤੇ ਖੁਲਾਸਾ

ਤੁਹਾਡੀ ਜਾਂ ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਨੂੰ NSW ਦੀ ਸਰਕਾਰੀ ਸਿਹਤ ਸੇਵਾ ਦੁਆਰਾ ਵਰਤਿਆ ਜਾ ਸਕਦਾ ਹੈ, ਜਾਂ ਸਿਹਤ ਸੇਵਾ ਤੋਂ ਬਾਹਰ ਵੀ ਸਾਂਝਾ ਕੀਤਾ ਜਾ ਸਕਦਾ ਹੈ, ਤਾਂ ਜੋ ਤੁਹਾਨੂੰ ਢੁੱਕਵੀਂ ਦੇਖਭਾਲ ਅਤੇ ਇਲਾਜ ਪ੍ਰਦਾਨ ਕੀਤਾ ਜਾ ਸਕੇ। ਉਦਾਹਰਨ ਲਈ, ਤੁਹਾਡੀ ਜਾਣਕਾਰੀ ਤੁਹਾਡੇ ਜੀਪੀ, ਤੁਹਾਡੇ ਬੱਚੇ ਦੇ ਜੀਪੀ, ਕੋਈ ਹੋਰ ਇਲਾਜ ਕਰ ਰਹੀ ਸਿਹਤ ਸੇਵਾ ਜਾਂ ਹਸਪਤਾਲ, NSW ਦੀ ਐਂਬੂਲੈਂਸ ਸੇਵਾ, ਕਿਸੇ ਮਾਹਰ ਨੂੰ ਰੈਫ਼ਰਲ ਦੇਣ ਲਈ , ਜਾਂ ਪੈਥੋਲੋਜੀ ਟੈਸਟਾਂ ਲਈ ਵਰਤੀ ਜਾਂ ਸਾਂਝੀ ਕੀਤੀ ਜਾ ਸਕਦੀ ਹੈ। ਨਿੱਜੀ ਜਾਣਕਾਰੀ NSW ਦੀ ਸਿਹਤ ਸੇਵਾ ਦੇ ਸੰਚਾਲਨ ਅਤੇ ਸਾਡੇ ਮਰੀਜ਼ਾਂ ਦੇ ਇਲਾਜ ਨਾਲ ਸੰਬੰਧਿਤ ਉਦੇਸ਼ਾਂ ਲਈ ਵੀ ਵਰਤੀ ਜਾਂ ਸਾਂਝੀ ਕੀਤੀ ਜਾ ਸਕਦੀ ਹੈ, ਜਿਸ ਵਿੱਚ ਫੰਡਿੰਗ, ਯੋਜਨਾਬੰਦੀ, ਸੁਰੱਖਿਆ ਅਤੇ ਗੁਣਵੱਤਾ ਸੁਧਾਰ ਗਤੀਵਿਧੀਆਂ ਸ਼ਾਮਲ ਹਨ। ਨਿੱਜੀ ਜਾਣਕਾਰੀ ਨੂੰ ਰਾਜ ਅਤੇ ਕਾਮਨਵੈਲਥ ਦੀਆਂ ਸਰਕਾਰੀ ਏਜੰਸੀਆਂ ਨਾਲ ਸਾਂਝਾ ਕਰਨਾ ਲਾਜ਼ਮੀ ਹੈ, ਤਾਂ ਜੋ ਸੂਚਨਾ ਦੇਣ ਯੋਗ ਬਿਮਾਰੀਆਂ ਦੀ ਰਿਪੋਰਟਿੰਗ ਕਰਨ, ਮੈਡੀਕੇਅਰ ਵੇਰਵੇ ਪ੍ਰਦਾਨ ਕਰਨ ਅਤੇ ਟੀਕਾਕਰਨ ਅੰਕੜਿਆਂ ਨਾਲ ਸੰਬੰਧਿਤ ਕਾਨੂੰਨ ਦੀ ਪਾਲਣਾ ਕੀਤੀ ਜਾ ਸਕੇ। HPV ਟੀਕਾਕਰਨ ਡੇਟਾ ਨੂੰ ਆਸਟ੍ਰੇਲੀਅਨ ਟੀਕਾਕਰਨ ਰਜਿਸਟਰ (Australian Immunisation Register, AIR) ਵਿੱਚ ਅਪਲੋਡ ਕੀਤਾ ਜਾਵੇਗਾ, ਅਤੇ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਇਤਿਹਾਸ ਨਾਲ ਜੋੜਿਆ ਜਾਵੇਗਾ ਅਤੇ ਭਵਿੱਖ ਦੀਆਂ AIR ਟੀਕਾਕਰਨ ਇਤਿਹਾਸ ਸਟੇਟਮੈਂਟਾਂ (AIR Immunisation History Statements) ਵਿੱਚ ਸ਼ਾਮਲ ਕੀਤਾ ਜਾਵੇਗਾ। ਭਵਿੱਖ ਵਿੱਚ, ਮਹਿਲਾ ਵਿਦਿਆਰਥਣਾਂ ਨਾਲ ਸੰਬੰਧਿਤ ਡੇਟਾ ਨੂੰ 'ਨੈਸ਼ਨਲ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ' (National Cervical Screening Program Register) ਨਾਲ ਵੀ ਸਾਂਝਾ ਕੀਤਾ ਜਾਵੇਗਾ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਗਾਹਕ ਸੰਤੁਸ਼ਟੀ ਸਰਵੇਖਣਾਂ ਸੰਬੰਧੀ ਤੁਹਾਡੇ ਨਾਲ ਸੰਪਰਕ ਕਰਨ ਅਤੇ ਟੀਕਾਕਰਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਲਈ ਵੀ ਕਰ ਸਕਦੇ ਹਾਂ। ਇਸ ਵਿੱਚ ਭਾਗ ਲੈਣਾ ਪੂਰੀ ਤਰ੍ਹਾਂ ਸਵੈਇੱਛਕ ਹੈ, ਅਤੇ ਨਾ ਭਾਗ ਲੈਣ ਨਾਲ ਤੁਹਾਨੂੰ ਪ੍ਰਦਾਨ ਕੀਤੀ ਜਾਣ ਵਾਲੀ ਸਿਹਤ ਸੇਵਾ 'ਤੇ ਕੋਈ ਅਸਰ ਨਹੀਂ ਪੈਂਦਾ ਹੈ।

## ਤੁਹਾਡੀ ਜਾਣਕਾਰੀ ਤੱਕ ਪਹੁੰਚ

ਤੁਹਾਨੂੰ ਆਪਣੇ ਅਤੇ ਆਪਣੇ ਬੱਚੇ ਨਾਲ ਸੰਬੰਧਿਤ, ਸਾਡੇ ਕੋਲ ਰੱਖੀ ਗਈ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਜਾਂ ਮੈਡੀਕਲ ਰਿਕਾਰਡ ਦੀਆਂ ਕਾਪੀਆਂ ਲੈਣ ਦੀ ਬੇਨਤੀ ਕਰਦੇ ਹੋ ਤਾਂ ਤੁਹਾਡੇ ਤੋਂ ਫ਼ੀਸ ਲਈ ਜਾ ਸਕਦੀ ਹੈ।

## ਹੋਰ ਜਾਣਕਾਰੀ ਅਤੇ ਸਾਡੇ ਨਾਲ ਸੰਪਰਕ ਕਰੋ

ਇਸ ਬਾਰੇ ਹੋਰ ਜਾਣਕਾਰੀ ਲੈਣ ਲਈ ਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਿਆ ਜਾਂਦਾ ਹੈ, ਕਿਰਪਾ ਕਰਕੇ 'NSW ਸਿਹਤ ਵਿਭਾਗ ਦੇ ਸਿਹਤ ਜਾਣਕਾਰੀ ਲਈ ਗੁਪਤਤਾ ਮੈਨੂਅਲ' (NSW Health Privacy Manual for Health Information) ਨੂੰ ਇੱਥੇ ਜਾ ਕੇ ਵੇਖੋ: health.nsw.gov.au/patients/privacy

ਜੇਕਰ ਤੁਹਾਡੇ ਕੋਲ ਆਪਣੀ ਨਿੱਜੀ ਜਾਣਕਾਰੀ ਦੀ ਗੁਪਤਤਾ ਬਾਰੇ ਕੋਈ ਸਵਾਲ ਜਾਂ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ **1300 066 055** 'ਤੇ ਸੰਪਰਕ ਕਰੋ।

ਨਵੰਬਰ 2025 © NSW Health SHPN (HP NSW) 250853.